ਦਫਤਰ ਡਾਇਰੈਕਟਰ ਸਿਖਿਆ ਵਿਭਾਗ (ਸੈਸਿ) ਪੰਜਾਬ, ਐਸ ਏ ਐਸ ਨਗਰ।

(ਦਫਤਰੀ ਅਮਲਾ ਸ਼ਾਖਾ)

ਹੁਕਮ ਨੰਬਰ: 3/2-2014ਦਅ(1)

ਮਿਤੀ : 05-11-2014

ਮਿਤੀ 23-09-2009 ਨੂੰ ਜਾਰੀ ਵਿਗਿਆਪਨ ਰਾਹੀ ਯੋਗ ਬਿਨੈਕਾਰਾਂ ਤੋ ਸਕੂਲ ਸਿਖਿਆ ਵਿਭਾਗ ਪੰਜਾਬ ਵਿਚ ਟੀਚਿੰਗ ਅਤੇ ਨਾਨ ਟੀਚਿੰਗ ਅਮਲੇ ਦੀਆ ਅਸਾਮੀਆ ਲਈ ਠੇਕੇ ਤੇ ਆਧਾਰਿਤ ਨਿਯੁਕਤੀ ਲਈ 4000/- ਰੁਪਏ ਪ੍ਰਤੀ ਮਹੀਨਾ ਯਕਮੁਸਤ ਤਨਖਾਹ ਤੇ ਬਿਨੈਪੱਤਰ ਮੰਗੇ ਗਏ ਸੀ, ਵਿਗਿਆਪਨ ਵਿਚ ਦਰਜ ਸ਼ਰਤ ਅਨੁਸਾਰ ਸਾਡੇ ਤਿੰਨ ਸਾਲ ਬਾਅਦ ਉਮੀਦਵਾਰ ਦਾ ਕੰਮ ਅਤੇ ਆਚਰਣ ਤਸਲੀਬਖਸ਼ ਹੋਣ ਦੀ ਸੂਰਤ ਵਿਚ ਰੈਗੂਲਰ ਨਿਯੁਕਤੀ ਲਈ ਵਿਚਾਰਿਆ ਜਾਣ ਦਾ ਉਪੁਬੰਧ ਸੀ। ਮਿਤੀ 23-09-2009 ਦੇ ਵਿਗਿਆਪਨ ਅਧੀਨ, ਠੇਕੇ ਤੇ ਨਿਯੁਕਤ ਕਰਮਚਾਰੀਆ ਦੀਆ ਸੇਵਾਵਾਂ ਮਿਤੀ 06-04-2014 ਤੋ ਰੈਗੂਲਰ ਕਰਨ ਦਾ ਫੈਸਲਾ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ ਸਕੂਲ ਸਿਖਿੱਆ ਵਿਭਾਗ ਦੇ ਮੀਮੋ ਨੰ: 18/119/12-1ਸਿ2/5100, ਮਿਤੀ 18-07-2012 ਅਨੁਸਾਰ ਲਿਆ ਗਿਆ ਹੈ।

ਦੇਸ ਰਾਜ ਦੀਆਂ ਸੇਵਾਵਾਂ ਬਤੌਰ ਸਹਾਇਕ ਲਾਈਬ੍ਰੇਰੀਅਨ.ਗਰੇਡ ਪੇ ਬੈਡ 5910-20200 + ਗ੍ਰੇਡ ਪੇ 2400, (ਜਮਾਂ ਪੰਜਾਬ ਸਰਕਾਰ ਵੱਲੋ ਮਿਲਣ ਯੋਗ ਭਤਿਆਂ ਸਹਿਤ ਨਿਮਨ ਲਿਖਤ ਸਰਤਾ ਦੇ ਤਹਿਤ ਮਿਤੀ 06-04-2014 ਤੋ ਰੈਗੂਲਰਾਈਜ ਕੀਤੀਆ ਜਾਦੀਆਂ ਹਨ:-

ਰਜਿ ਨੰ:	ਨਾਮ	ਪਿਤਾ ਦਾ ਨਾਮ	ਕੈਟਾਗਿਰੀ	ਸਕੂਲ ਦਾ ਨਾਂ	ਨਿਯੁਕਤੀ ਦੀ ਮਿਤੀ
50027753	DES RAJ	PIARA RAM	SC (R&O)	ਸਸਸਸ ਰੱਤੇਵਾਲ, ਸ਼ਭਸ ਨਗਰ	30.05.2011

ਸਰਤਾਂ

1 ਕਰਮਚਾਰੀ ਦੇ ਖਿਲਾਫ ਕੋਈ ਪੁਲਿਸ ਤਫਤੀਸ/ਵਿਜੀਲੈਸ ਪੜਤਾਲ ਜਾਂ ਵਿਭਾਗੀ ਪੜਤਾਲ ਨਾ ਚੱਲ ਰਹੀ ਹੋਵੇ। ਇਸ ਸਬੰਧੀ ਪ੍ਰਾਰਥੀ ਵਲੋ ਸਵੈ ਘੋਸ਼ਨਾ ਪੱਤਰ (Self Declaration) ਦਿੱਤਾ ਜਾਵੇਗਾ।

2 ਕਰਮਚਾਰੀ ਭਾਰਤ ਦੇ ਸੰਵਿਧਾਨ ਪ੍ਰਤੀ ਵਚਨਬੱਧ ਰਹਿਣ ਦੀ ਸਹੁੰ ਚੁਕਣ ਸਬੰਧੀ ਹਲਫਨਾਮਾ ਦੇਵੇਗਾ।

3 ਕਰਮਚਾਰੀ ਜਿਲੇ ਦੇ ਸਬੰਧਤ ਸਿਵਲ ਸਰਜਨ ਵੱਲੋ ਫਿਟਨੈਸ ਸਰਟੀਫਿਕੇਟ ਪੇਸ ਕਰੇਗਾ।

4 ਕਰਮਚਾਰੀ ਦੇ ਚਾਲ ਚਲਣ ਸਬੰਧੀ ਤਸਦੀਕ ਸਬੰਧਤ ਜਿਲਾ ਮੈਜਿਸਟ੍ਰੇਟ ਤੋ ਕਰਵਾਉਣ ਉਪਰੰਤ ਮੰਨੀ ਜਾਵੇਗੀ। ਜੇਕਰ ਤਸਦੀਕੀ ਉਪਰੰਤ ਕਰਮਚਾਰੀ/ਕਰਮਚਾਰਨ ਦੇ ਵਿਰੁੱਧ ਚਾਲ ਚੱਲਣ ਸਬੰਧੀ ਕੋਈ ਸਿਕਾਇਤ ਧਿਆਨ ਵਿੱਚ ਆਈ ਤਾਂ ਆਪ ਦੀਆਂ ਸੇਵਾਵਾਂ ਬਿਨ੍ਹਾਂ ਕਿਸੇ ਨੋਟਿਸ ਦੇ ਖਤਮ ਕਰਨ ਦਿਤੀਆ ਜਾਣਗੀਆਂ।

5 ਕਰਮਚਾਰੀ ਨਿਰਧਾਰਤ ਅਕਾਦਮਿਕ ਅਤੇ ਪ੍ਰੋਫੈਸਨਲ ਯੋਗਤਾਵਾ ਪੂਰੀਆ ਕਰਦਾ ਹੋਵੇ। ਜੇਕਰ ਕੋਈ ਸਰਟੀਫਿਕੇਟ, ਦਸਤਾਵੇਜ ਜਾਅਲੀ ਪਾਇਆ ਜਾਂਦਾ ਹੈ ਤਾਂ ਕਰਮਚਾਰੀ ਨੂੰ ਬਿਨ੍ਹਾਂ ਕਿਸੇ ਕਾਰਨ ਦੱਸੇ ਨੋਟਿਸ ਦੇ ਸੇਵਾ ਤੋ ਬਰਖਾਸਤ ਕਰ ਦਿਤਾ ਜਾਵੇਗਾ।

6 ਕਰਮਚਾਰੀ ਨੂੰ ਪੰਜਾਬ ਸਕੂਲ ਸਿੱਖਿਆ ਬੋਰਡ ਐਸ.ਏ.ਐਸ ਨਗਰ ਦੁਆਰਾ ਸੋਪੀ ਗਈ ਕੋਈ ਵੀ ਜਿਮੇਵਾਰੀ ਜਿਸ ਵਿੱਚ ਇਨਵਿਜੀਲੇਟਰ, ਸੁਪਰਵਾਈਜਰ, ਸੁਪਰਡੰਟ, ਸਬ ਐਗਜਾਮੀਨਰ, ਹੈਡ ਐਗਜਾਮੀਨਰ ਜਾਂ ਸਕੂਲ ਦੇ ਕੰਟਰੋਲਰ ਵੱਜੋ ਦਿੱਤੀ ਗਈ ਜਿਮੇਵਾਰੀ ਹੋਰ ਸਕੂਲ ਦੀਆਂ ਜਿਮੇਵਾਰੀਆਂ ਦੇ ਇੱਕ ਹਿੱਸੇ ਵੱਜੋ ਨਿਭਾਉਣੀ ਪਵੇਗੀ।

7 ਕਰਮਚਾਰੀ ਨੂੰ ਨਿਯੁਕਤੀ ਵਾਲੀ ਥਾਂ ਤੇ ਹਾਜਰ ਹੋਣ ਲਈ ਕੋਈ ਟੀ.ਏ/ਡੀ.ਏ ਨਹੀ ਦਿਤਾ ਜਾਵੇਗਾ।

8 ਕਰਮਚਾਰੀ ਪਹਿਲਾਂ ਪ੍ਰਵਾਨਗੀ ਲਏ ਬਿਨ੍ਹਾਂ ਕਿਸੇ ਪ੍ਰਕਾਰ ਦੀ ਉਚੇਰੀ ਸਿੱਖਿਆ ਹਾਸਲ ਨਹੀ ਕਰੇਗਾ।

9 ਇਹ ਨਿਯੁਕਤੀ ਦੋ ਸਾਲਾਂ ਲਈ ਪਰਖ ਸਮੇ ਲਈ ਪ੍ਰੋਬੇਸਨਰੀ ਹੋਵੇਗੀ।ਇਸ ਸਮੇ ਦੋਰਾਨ ਜੇਕਰ ਉਸ ਦਾ ਕੰਮ ਅਤੇ ਆਚਰਣ ਤਸੱਲੀਬਖਸ ਨਾ ਪਇਆ ਗਿਆ ਤਾਂ ਬਿਨ੍ਹਾਂ ਨੋਟਿਸ ਦਿਤੇ ਨੋਕਰੀ ਤੋ ਕੱਢ ਦਿੱਤਾ ਜਾਵੇਗਾ।

10 ਸਰਕਾਰ ਵੱਲੋ ਜਾਰੀ ਕੀਤੀ ਨੋਟੀਫਿਕੇਸਨ ਨੰ: 11/9402-4ਪੀ.ਪੀ 2/650 ਮਿਤੀ 12-01-2004 ਅਨੁਸਾਰ ਸਬੰਧਤ ਉਮੀਦਵਾਰ ਤੇ ਨਿਉ ਕੰਟਰੀਬਿਊਟਰੀ ਪੈਨਸਨ ਸਕੀਮ ਲਾਗੂ ਹੋਵੇਗੀ।

11 ਕਰਮਚਾਰੀ ਨੂੰ ਠੇਕੇ ਦੇ ਅਧਾਰ ਤੇ ਕੀਤੀ ਗਈ ਨੌਕਰੀ ਦਾ ਕੋਈ ਲਾਭ ਨਹੀ ਮਿਲੇਗਾ ਸਗੋ ਉਸਦੀ ਉਕਤ ਗ੍ਰੇਡ ਦੇ ਮੁੱਢਲੇ ਪੜਾਅ ਤੇ ਨਵੀ ਨਿਯੁਕਤੀ ਵਜੋ ਨਿਯੁਕਤੀ ਮਿਲੀ ਮੰਨਿਆ ਜਾਵੇਗੀ।

12 ਕਰਮਚਾਰੀ ਨੂੰ ਪੰਜਾਬ ਸਰਕਾਰ ਕਰਮਚਾਰੀ ਆਚਰਣ ਨਿਯਮਾਂਵਲੀ 1966 ਅਤੇ ਪੰਜਾਬ ਸਿਵਲ ਸਰਵਿਸਜ (ਦੰਡ ਅਤੇ ਅਪੀਲ) ਰੂਲਜ 1970 ਵਿੱਚ ਦਰਜ ਧਾਰਵਾਂ ਦਾ ਪਾਬੰਦ ਰਹਿਣਾ ਪਵੇਗਾ।

13 ਕਰਮਚਾਰੀ ਵੱਲੋ ਜੇਕਰ ਕੋਈ ਪੇਸ ਕੀਤਾ ਦਸਤਾਵੇਜ ਬਾਅਦ ਵਿੱਚ ਗਲਤ/ਜਾਅਲੀ ਪਾਇਆ ਜਾਦਾ ਹੈ ਤਾਂ ਕਰਮਚਾਰੀ ਨੂੰ ਬਿਨ੍ਹਾਂ ਕਾਰਨ ਦੱਸੇ ਨੋਟਿਸ ਦਿਤੇ ਸੇਵਾ ਤੋ ਬਰਖਾਸਤ ਕਰ ਦਿਤਾ ਜਾਵੇਗਾ।

14 ਮਾਨਯੋਗ ਸੁਪਰੀਮ ਕੋਰਟ /ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਖੇ ਪੈਡਿੰਗ ਕਿਸੇ ਐਸ.ਐਲ.ਪੀ./ਰਿੱਟ ਪਟੀਸਨਾਂ ਦਾ ਜੋ ਅੰਤਿਮ ਫੈਸਲਾ ਹੋਵੇਗਾ ਇਹਨ੍ਹਾਂ ਕਰਮਚਾਰੀਆਂ ਤੇ ਲਾਗੂ ਹੋਵੇਗਾ।

15 ਆਪ ਦੀ ਸੀਨਿਆਰਤਾ ਮੈਰਿਟ ਲਿਸਟ ਵਿਚ ਰੈਕਿੰਗ ਦੇ ਆਧਾਰ ਤੇ ਅਤੇ 1994 ਦੇ ਕਾਮਨ ਸਰਵਿਸਿਜ ਰੂਲਜ ਅਨੁਸਾਰ ਫਿਕਸ ਕੀਤੀ ਜਾਵੇਗੀ।

ਡਾ. ਕਮਲ ਕੁਮਾਰ
ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ) ਪੰਜਾਬ

ਪਿੰਨ ਅੰਕਣ ਨੰ: ਉਕਤ 8626-30 ਮਿਤੀ :- 10/11/14

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਦਾ ਹੈ:-

1 ਮੰਡਲ ਸਿੱਖਿਆ ਅਫਸਰ ਨਾਭਾ, ਜਲੰਧਰ ਅਤੇ ਫਰੀਦਕੋਟ।

2 ਸਬੰਧਤ ਜਿਲਾ ਸਿੱਖਿਆ ਅਫਸਰ(ਸੈਸਿ)।

3 ਸਬੰਧਤ ਸਿਵਲ ਸਰਜ਼ਨ, ਉਮੀਦਵਾਰ ਦਾ ਮੈਡੀਕਲ ਫਿਟਨੈਸ ਚੈਕ ਕਰਨ ਉਪਰੰਤ ਸਰਟੀਫਿਕੇਟ ਜਾਰੀ ਕਰਨ ਲਈ।

4 ਸਬੰਧਤ ਜਿਲ੍ਹਾ ਮੈਜਿਸਟ੍ਰੇਟ, ਉਮੀਦਵਾਰ ਦਾ ਪੂਰਵ-ਵਿਹਾਰ ਵੈਰੀਫਾਈ ਕਰਨ ਉਪਰੰਤ ਤਸਦੀਕ ਜਾਰੀ ਕਰਨ ਹਿੱਤ।

5 ਸਬੰਧਤ ਕਰਮਚਾਰੀ।

ਸੁਪਰਡੰਟ ਦਫ਼ਤਰੀ ਅਮਲਾ